# ਛਾਇਆ

1996 ਵਿੱਚ ਛਾਇਆ –"ਸ਼ਰਣ" ਜਾਂ ਸੰਸਕ੍ਰਿਤ ਵਿੱਚ 'ਛਾਂ' – ਵਾਲੰਟੀਅਰਾਂ (ਸਵੈ-ਸੇਵਕਾਂ) ਦੀ ਅਗਵਾਈ ਹੇਠ ਇੱਕ ਸੰਸਥਾ ਹੈ, ਜਿਸ ਨੂੰ ਕਿੰਗ ਕਾਉਂਟੀ ਵਿਖੇ ਵੱਧ ਰਹੇ ਦੱਖਣੀ ਏਸ਼ੀਆਈ ਭਾਈਚਾਰੇ ਦੀਆਂ ਉਨ੍ਹਾਂ ਔਰਤਾਂ ਜੋ ਘਰੇਲੂ ਹਿੰਸਾ ਤੋਂ ਜੀਉਂਦੀਆਂ ਬਚੀਆਂ ਸਨ, ਲਈ ਸੇਵਾਵਾ ਵਿੱਚ ਇੱਕ ਅਹਿਮ ਖੱਪੇ ਨੂੰ ਭਰਨ ਲਈ ਕਾਇਮ ਕੀਤੀ ਗਈ ਸੀ। ਅਫ਼ਗਾਨਿਸਤਾਨ, ਬੰਗਲਾਦੇਸ਼, ਭੂਟਾਨ, ਭਾਰਤ, ਮਯਾਂਮਾਰ, ਨੇਪਾਲ, ਪਾਕਿਸਤਾਨ, ਸ੍ਰੀ ਲੰਕਾ ਅਤੇ ਤਿਬੱਤ ਦੇ ਲੋਕਾਂ ਦੀ ਅਤੇ ਮੱਧ-ਪੂਰਬ ਦੇ ਦੇਸ਼ਾਂ ਦੇ ਕੁਝ ਵਿਅਕਤੀਆਂ (ਜਿਨ੍ਹਾਂ ਦੇ ਇੱਕ ਦੂਜੇ ਨਾਲ ਰਲਦੇ ਮਿਲਦੇ ਸਭਿਆਚਾਰਿਕ ਮੁੱਦੇ ਸਾਂਝੇ ਹਨ ਅਤੇ ਇਸ ਇਲਾਕੇ ਵਿੱਚ ਕੋਈ ਵਿਸ਼ੇਸ਼ ਸੇਵਾਵਾਂ ਉਪਲਬਧ ਨਹੀਂ ਹਨ) ਸਹਾਇਤਾ ਲਈ ਛਾਇਆ ਹੀ ਰਾਜ ਵਿੱਚੋ ਸਿਰਫ਼ ਇੱਕੋ ਏਜੰਸੀ ਹੈ, ਜਿਸਦਾ ਸਾਰਾ ਧਿਆਨ, ਇਸ ਬਹੁ ਭਾਸ਼ੀ ਅਤੇ ਬਹੁ ਪੱਖੀ ਸਭਿਆਚਾਰ ਵਾਲੀ ਆਬਾਦੀ ਨੂੰ ਉਨ੍ਹਾਂ ਦੇ ਸਭਿਆਚਾਰ ਦੇ ਅਨੁਕੂਲ ਵਿਸ਼ੇਸ਼ ਸੇਵਾਵਾਂ ਉਪਲਬਧ ਕਰਨਾ ਹੈ।

# ਸਾਡਾ ਮਿਸ਼ਨ ਅਤੇ ਸੁਪਨਾ

ਛਾਇਆ ਦੱਖਣੀ ਏਸ਼ੀਅਨ ਲੋਕਾਂ ਦੇ ਘਰੇਲੂ ਹਿੰਸਾ ਅਤੇ ਅਤਿਆਚਾਰ ਤੋਂ ਪ੍ਰਭਾਵਿਤ ਪਰਿਵਾਰਾਂ ਅਤੇ ਇਸਤੋਂ ਬਚੇ ਹੋਏ ਲੋਕਾਂ ਦੀ ਸਹਾਇਤਾ ਕਰਦੀ ਹੈ ਅਤੇ ਉਨ੍ਹਾਂ ਸਮਾਜਿਕ ਸਥਿਤੀਆਂ ਜੋ ਜ਼ੁਲਮ ਨੂੰ ਵਿਸ਼ੇਸ਼ ਕਰਕੇ ਔਰਤਾਂ ਵਿਰੁਧ ਹਿੰਸਾ ਕਰਨ ਦੇਦੀਆਂ ਹਨ, ਨੂੰ ਬਦਲਣ ਲਈ ਭਾਈਚਾਰਿਆਂ ਨਾਲ ਰੁਝ ਜਾਂਦੀ ਹੈ। ਛਾਇਆ ਹਿੰਸਾ ਤੋਂ ਰਹਿਤ ਇੱਕ ਉਚਿਤ ਅਤੇ ਨਿਰਪੱਖ ਵਿਸ਼ਵ ਦਾ ਸੁਪਨਾ ਪੂਰਾ ਕਰਨ ਲਈ ਵਿਆਪਕ ਲਹਿਰਾਂ ਅੰਦਰ ਕੰਮ ਕਰਦੀ ਹੈ।

# ਸਾਡੇ ਪ੍ਰੋਗਰਾਮ

ਛਾਇਆ ਆਪਣਾ ਕੰਮ ਦੋ ਬੁਨਿਆਦੀ ਪ੍ਰੋਗਰਾਮਾਂ : ਅਤਿਆਚਾਰ ਤੋਂ ਬਚੇ ਹੋਏ ਲੋਕਾਂ ਦੀ ਵਕਾਲਤ; ਅਤੇ ਕਮਿਊਨਿਟੀ ਅੰਗੇਜ਼ਮੈਂਟ (ਭਾਈਚਾਰੇ ਨਾਲ ਰੁਝੇਵਾਂ) ਰਾਹੀਂ ਕਰਦੀ ਹੈ।

ਛਾਇਆ ਦਾ ਐਡਵੋਕੇਸੀ ਕੰਮ (ਵਕਾਲਤ ਦਾ ਕੰਮ) ਦੱਖਣੀ ਏਸ਼ੀਆਈ ਔਰਤਾਂ ਦੀ ਸਹਾਇਤਾ ਦੀ ਅਹਿਮ ਜ਼ਰੂਰਤ ਪੂਰੀ ਕਰਦਾ ਹੈ, ਜਦੋਂ ਉਹ ਅਜਿਹੇ ਰਿਸ਼ਤਿਆਂ ਵਿੱਚ ਹੁੰਦੀਆਂ ਹਨ ਜੋ ਉਨ੍ਹਾ ਅਤੇ ਉਨ੍ਹਾਂ ਦੇ ਬੱਚਿਆਂ ਦੋਹਾਂ ਲਈ ਅਪਮਾਨਜਨਕ ਅਤੇ ਨੁਕਸਾਨਦਾਇਕ ਹਨ, ਹੇਠ ਲਿਖੀਆਂ ਸੇਵਾਵਾਂ ਪੇਸ਼ ਕਰਦੀ ਹੈ : ਡੂਘੀ ਜਾਂਚ ਕਰਕੇ, ਘਰੇਲੂ ਹਿੰਸਾ ਤੋਂ ਬਚ ਗਈਆਂ ਔਰਤਾਂ ਦੀ ਸਥਿਤੀ ਅਨੁਸਾਰ ਪੈਰਵੀ; ਸਭਿਆਚਾਰ ਦੇ ਅਨੁਕੂਲ ਅਤੇ ਸੰਬੰਧਿਤ ਭਾਸ਼ਾ ਵਿੱਚ ਜੋ ਔਰਤਾਂ ਸਾਡੀਆਂ ਸੇਵਾਵਾਂ ਤਕ ਪਹੁੰਚ ਕਰਨਗੀਆਂ ਉਨ੍ਹਾਂ ਨੂੰ ਉਹ ਦਿੱਤੀਆਂ ਜਾਂਦੀਆਂ ਹਨ; ਰੀਜ਼ੀਨਲ (ਇਲਾਕਈ) ਮਨੁੱਖੀ ਸੇਵਾ ਉਪਲਬਧ ਕਰਨ ਵਾਲਿਆਂ ਅਤੇ ਉਨ੍ਹਾਂ ਦੇ ਵਾਲੰਟੀਅਰਾਂ ਨੂੰ ਟਰੇਨਿੰਗ ਦਿੱਤੀ ਜਾਂਦੀ ਹੈ, ਤਾਂ ਜੋ ਉਨ੍ਹਾਂ ਦੀ ਸਭਿਆਚਾਰਿਕ ਸੰਵੇਦਨਸ਼ੀਲਤਾ ਵਿੱਚ ਸੁਧਾਰ ਲਿਆ ਸਕਣ ਅਤੇ ਦੱਖਣੀ ਏਸ਼ੀਆਈ ਲੋਕਾਂ ਨਾਲ ਬਿਹਤਰ ਕੰਮ ਕਰਨ ਲਈ ਮੌਕਿਆਂ ਦੀ ਇਜ਼ਾਜਤ ਦੇਣ; ਅਤੇ ਇੱਕ ਟੋਲ ਫ੍ਰੀ ਹੈਲਪਲਾਈਨ, ਜਿੱਥੇ ਪੂਰਾ ਹਫ਼ਤਾ, ਵਿਆਪਕ ਟਰੇਨਿੰਗ ਪ੍ਰਾਪਤ ਅਤੇ ਘਰੇਲੂ ਹਿੰਸਾ ਦੇ ਕੰਮ ਵਿੱਚ ਵਿਆਪਕ ਅਨੁਭਵ ਵਾਲਾ ਸਟਾਫ਼ ਹੁੰਦਾ ਹੈ।

ਸਾਡਾ ਕਮਿਊਨਿਟੀ ਅੰਗੇਜਮੈਂਟ ਪ੍ਰੋਗਰਾਮ, ਘਰੇਲੂ ਹਿੰਸਾ ਨੂੰ ਰੋਕਣ ਅਤੇ ਅਖ਼ੀਰ ਵਿੱਚ ਇਸ ਨੂੰ ਖ਼ਤਮ ਕਰਨ ਲਈ ਅਜਿਹੀ ਕੋਸ਼ਿਸ਼ਾਂ ਕਰਨੀਆਂ ਜਿਸ ਨਾਲ ਭਾਈਚਾਰੇ ਜਾਂ ਕਮਿਊਨਿਟੀ ਦੀ ਸਮਝ ਨੂੰ ਹੋਰ ਵਿਆਪਕ ਕਰਕੇ, ਅਤੇ ਬਾਹਰ ਦੂਰ ਤਕ ਪਹੁੰਚ ਕਰਨ ਵਾਲੇ ਢੁਕਵੇਂ ਸਭਿਆਚਾਰਿਕ ਪ੍ਰੋਗਰਾਮ ਰਾਹੀਂ ਜਿਸ ਵਿੱਚ ਸਾਡੇ ਭਾਈਚਾਰਿਆਂ ਦੇ ਉਨ੍ਹਾਂ ਗਰੁੱਪਾਂ ਜਿਨ੍ਹਾਂ ਵਲ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਹੈ, ਤੇ ਜ਼ੋਰ ਦੇਕੇ, ਘਰੇਲੂ ਹਿੰਸਾ ਦੇ ਮੁੱਦਿਆਂ ਬਾਰੇ ਜਾਗਰੂਕਤਾ ਵੱਧ ਕਰਨਾ ਹੈ; ਧਾਰਮਿਕ, ਸਭਿਆਚਾਰਿਕ ਭਾਈਚਾਰਿਆਂ ਨਾਲ ਅਤੇ ਨੌਜਵਾਨਾ ਦੇ ਗਰੁੱਪਾਂ ਨਾਲ ਮਿਲ ਕੇ, ਦੱਖਣੀ ਏਸ਼ੀਅਨ ਭਾਈਚਾਰੇ ਦੇ ਮੈਂਬਰਾਂ ਨੂੰ ਇਕੱਠਾ ਕਰਕੇ ਕੋਈ ਕਾਰਵਾਈ ਕਰਨੀ ਅਤੇ ਭਾਈਚਾਰੇ ਵਿੱਚ ਘਰੇਲੂ ਹਿੰਸਾ ਖਤਮ ਕਰਨ ਲਈ ਸਰਗਰਮੀ ਨਾਲ ਜੁੱਟ ਜਾਣਾ, ਭਾਈਚਾਰੇ ਦੀ ਹੇਠਲੀ ਸ਼ਰੇਣੀ ਵਿੱਚ, ਭਾਈਚਾਰੇ ਦੀ ਅਗਵਾਈ ਰਾਹੀਂ ਅਜਿਹੇ ਪ੍ਰੋਗਰਾਮ ਕਰਨੇ ਜੋ ਭਾਈਚਾਰੇ ਦੀ ਸਹਾਇਤਾ ਅਤੇ ਸਾਧਨ ਬਣਾਉਣੇ ਜੋ ਭਾਈਚਾਰੇ ਵਿੱਚ ਘਰੇਲੂ ਹਿੰਸਾ ਤੋਂ ਬਚ ਗਈਆਂ ਔਰਤਾਂ ਲਈ ਫ਼ਾਇਦੇਮੰਦ ਹੋਣਗੇ।

# ਸਾਨੂੰ ਰਾਹ ਵਿਖਾਉਣ ਵਾਲੀਆਂ ਕਦਰਾਂ ਕੀਮਤਾਂ

ਛਾਇਆ ਆਪਣਾ ਮਿਸ਼ਨ ਪੂਰਾ ਕਰਨ ਲਈ ਇਨ੍ਹਾਂ ਕਦਮਾਂ ਕੀਮਤਾਂ ਨੂੰ ਆਪਣੇ ਕੇਂਦਰ ਵਿੱਚ ਰੱਖਕੇ, ਇਨ੍ਹਾਂ ਤੇ ਅਮਲ ਕਰਨ ਦੀ ਤਾਂਘ ਰੱਖਦੀ ਹੈ। ਹਰ ਕਦਰ ਕੀਮਤ, ਦਾ ਵਿਅਕਤੀ, ਕਮਿਊਨਿਟੀ ਅਤੇ ਸੰਸਥਾਗਤ ਸਮੇਤ ਹਰ ਪੱਧਰ ਤੇ ਅਭਿਆਸ ਕੀਤਾ ਜਾਂਦਾ ਹੈ ਅਤੇ ਉਸ ਨੂੰ ਪੂਰਿਆਂ ਕੀਤਾ ਜਾਂਦਾ ਹੈ। ਘਰੇਲੂ ਹਿੰਸਾ ਦੀ ਸਥਿਤੀ ਵਿੱਚ, ਪਿਆਰ, ਪਰਿਵਾਰ ਦੀਆਂ ਆਸਾਂ, ਸਭਿਆਚਾਰਿਕ ਮਿਆਰਾਂ ਅਤੇ ਇਮੀਗਰੈਂਟ (ਆਵਾਸੀ) ਸਟੇਟਸ ਵਰਗੇ ਤੱਤ, ਜ਼ੁਲਮ ਨੂੰ ਪਛਾਣਨ ਅਤੇ ਇਸ ਦਾ ਮੁਕਾਬਲਾ ਕਰਨਾ ਮੁਸ਼ਕਲ ਬਣਾ ਦੇਂਦੇ ਹਨ। ਜਿਵੇਂ ਜ਼ੁਲਮ ਦਾ ਪ੍ਰਗਟਾਅ ਕਈ ਤਰ੍ਹਾਂ ਦੇ ਰੂਪਾਂ ਅਤੇ ਪਰਸਪਰ ਵਿਰੋਧੀ ਹੁੰਦਾ ਹੈ, ਇਸੇ ਤਰ੍ਹਾਂ ਅਸੀਂ ਪਛਾਣਦੇ ਹਾਂ, ਕਿ ਇਸ ਪ੍ਰਤੀ ਸਾਡੇ ਜਵਾਬ ਵੀ ਵੱਖ ਵੱਖ ਤਰ੍ਹਾਂ ਦੇ ਅਤੇ ਪਰਸਪਰ ਵਿਰੋਧੀ ਹੁੰਦੇ ਹਨ। ਇਸ ਲਈ, ਅਸੀਂ ਆਪਣੇ ਦੁਨੀਆਂ ਦੀਆਂ ਉਲਝਣਾਂ ਨੂੰ ਗਲੇ ਨਾਲ ਲਾਉਂਦੇ ਹਾਂ ਅਸੀਂ ਆਪਣੇ ਅਨੁਭਵਾਂ ਨੂੰ ਸਰਲ ਕਰਨ ਦੇ ਲਾਲਚ ਤੋਂ ਬਚਦੇ ਹਾਂ।

ਅਸੀਂ ਈਮਾਨਦਾਰੀ (**Integrity**) ਦੀ ਕਦਰ ਕਰਦੇ ਹਾਂ

*ਜਿਉਂ ਹੀ ਅਸੀਂ ਛਾਇਆ ਦੇ ਇੱਕ ਉਚਿਤ ਅਤੇ ਨਿਰਪੱਖ ਹਿੰਸਾ ਰਹਿਤ ਦੁਨੀਆਂ ਦਾ ਸੁਪਨਾ ਪੂਰਾ ਕਰਨ ਲਈ ਅੱਗੇ ਵੱਧਣ ਦੀ ਕੋਸ਼ਿਸ਼ ਕਰਦੇ ਹਾਂ ਉਸ ਸਮੇਂ ਈਮਾਨਦਾਰੀ ਚੋਣ ਕਰਨ ਦਾ ਅਮਲ ਹੈ, ਜਿਸ ਤੋਂ ਸਾਡੀਆਂ ਕਦਰਾਂ ਕੀਮਤਾਂ ਝਲਕਦੀਆਂ ਹਨ। ਛਾਇਆ ਵਿੱਚ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਅਸੀਂ ਆਪਣੇ ਕੰਮ ਕਾਰਜਾਂ ਵਿੱਚ ਖੁਲ੍ਹੇ ਅਤੇ ਪਾਰਦਰਸ਼ੀ ਹਾਂ ਅਸੀਂ ਆਪਣੇ ਆਪ ਨੂੰ ਅਤੇ ਭਾਈਚਾਰੇ ਨੂੰ ਗੰਭੀਰ ਰੂਪ ਵਿੱਚ ਸੋਚਣ ਲਈ ਅਤੇ ਆਪਣੀ ਕੀਤੀ ਚੋਣ ਦੇ ਪ੍ਰਭਾਵ ਨੂੰ ਮੰਨਣ ਲਈ ਸ਼ਕਤੀ ਦੇਂਦੇ ਹਾਂ। ਕਿਉਂਕਿ ਜਿੱਥੇ ਜਵਾਬਦੇਹੀ ਤੇ ਅਮਲ ਕੀਤਾ ਜਾਂਦਾ ਹੈ, ਉੱਥੇ ਅਤਿਆਚਾਰ ਦੀ ਕੋਈ ਜਗ੍ਹਾ ਨਹੀਂ ਹੁੰਦੀ।*

ਅਸੀਂ **ਨਿਰਪੱਖਤਾ** (**Equity**) ਦੀ ਕਦਰ ਕਰਦੇ ਹਾਂ

*ਇਕੁਅਟੀ ਜਾਂ ਨਿਰਪੱਖਤਾ ਇਹ ਯਕੀਨੀ ਬਣਾਉਣ ਲਈ ਇੱਕ ਅਸੂਲ ਹੈ ਕਿ ਸਭ ਦੀ ਅਧਿਕਾਰਾਂ, ਨਿਆਂ ਅਤੇ ਸਾਧਨਾਂ ਤਕ ਬਰਾਬਰ ਦੀ ਪਹੁੰਚ ਹੋਵੇ। ਰਿਸ਼ਤਿਆਂ ਅਤੇ ਭਾਈਚਾਰਿਆਂ ਵਿੱਚ ਅਸਮਾਨਤਾ ਅਤੇ ਜ਼ੁਲਮ, ਨੂੰ ਜ਼ੁਲਮ ਦੇ ਇੱਕ ਵੱਡੇ ਸਿਸਟਮ ਰਾਹੀਂ ਸਹਾਇਤਾ ਮਿਲਦੀ ਹੈ। ਜਿਸਦਾ ਅਸਰ ਸਾਡੇ ਸਭ ਤੇ ਹੁੰਦਾ ਹੈ, ਛਾਇਆ ਅੱਗੇ ਵੱਧਣ ਲਈ ਨਿਰਪੱਖਤਾ ਅਤੇ ਉਚਿਤਤਾ ਅਤੇ ਨਿਆਂ ਦੇ ਅਸੂਲ ਲਈ ਸਮਾਜਕ ਤਬਦੀਲੀ ਰਾਹੀ ਕੰਮ ਕਰਦੀ ਹੈ।*

ਅਸੀਂ **ਮਾਣ ਸਨਮਾਨ** (**Dignity**) ਦੀ ਕਦਰ ਕਰਦੇ ਹਾਂ

*ਡਿਗਨਿਟੀ, ਜਾਂ ਮਾਣ ਉਨ੍ਹਾਂ ਵਿਅਕਤੀਆਂ ਸਮੇਤ ਜਿਨ੍ਹਾਂ ਨੂੰ ਸ਼ਿਕਾਰ ਬਣਾਇਆ ਗਿਆ ਹੈ ਅਤੇ ਉਨ੍ਹਾਂ ਜਿਨ੍ਹਾਂ ਤੇ ਲਗਾਤਾਰ ਜ਼ੁਲਮ ਹੁੰਦਾ ਆਇਆ ਹੈ ਸਮੇਤ, ਹਰ ਵਿਅਕਤੀ ਅਤੇ ਭਾਈਚਾਰੇ ਅੰਦਰ ਜੋ ਸਹਿਜ ਕਦਰਾਂ ਕੀਮਤਾਂ ਹਨ, ਉਨ੍ਹਾਂ ਦੀ ਪਛਾਣ ਅਤੇ ਇੱਜ਼ਤ ਕਰਨ ਦਾ ਅਸੂਲ ਹੈ।*

ਅਸੀਂ **ਏਜੰਸੀ** ਦੀ ਕਦਰ ਕਰਦੇ ਹਾਂ

*ਏਜੰਸੀ (ਕਾਰਜ ਅਮਲ) ਇਕ ਘੇਰੇ ਅੰਦਰ ਜਾਂ ਉਪਲਬਧ ਚੋਣ ਦੇ ਸੰਦਰਭ ਵਿੱਚ ਆਪਣੇ ਲਈ ਚੁਣਨ ਦੀ ਯੋਗਤਾ ਹੈ। ਛਾਇਆ ਅਜਿਹੀ ਦੁਨੀਆਂ ਨੂੰ ਉਤਸਾਹਿਤ ਕਰਨਾ ਚਾਹੁੰਦੀ ਹੈ, ਜਿਸ ਵਿੱਚ ਇਤਿਹਾਸਕ ਤੌਰ ਤੇ ਹਾਸ਼ੀਏ ਤੇ ਰੱਖੇ ਗਏ ਗਰੁੱਪ ਜਿਵੇਂ ਕਿ ਔਰਤਾਂ, ਇਮੀਗਰੈਂਟਸ ਅਤੇ GLBTQ ਵਿਅਕਤੀਆਂ ਨੂੰ ਪਛਾਣਿਆ ਜਾਏ ਅਤੇ ਉਨ੍ਹਾਂ ਨੂੰ ਸਹਾਇਤਾ ਮਿਲੇ।*

ਅਸੀਂ **ਕਮਿਊਨਿਟੀ** ਦੀ ਕਦਰ ਕਰਦੇ ਹਾਂ

*ਕਮਿਊਨਿਟੀਆਂ ਜਾਂ ਭਾਈਚਾਰੇ ਉਦੋਂ ਬਣਦੇ ਹਨ, ਜਦੋਂ ਲੋਕ ਸਾਂਝੇ ਅਨੁਭਵਾਂ ਅਤੇ ਮਤਭੇਦਾਂ ਦੇ ਹੁੰਦਿਆਂ ਇਕੱਠੇ ਹੁੰਦੇ ਹਨ। ਵਿਅਕਤੀ ਦੇ ਤੌਰ ਤੇ ਅਸੀਂ ਬਹੁਤ ਸਾਰੀਆਂ ਭਾਈਚਾਰਿਆਂ ਦੇ ਮੈਂਬਰ ਹਾਂ। ਛਾਇਆ ਭਾਈਵਾਲੀ ਵਿੱਚ ਕੀਤੀਆਂ ਉਨ੍ਹਾਂ ਕੋਸ਼ਿਸ਼ਾਂ ਦੀ ਸਰਗਰਮੀ ਨਾਲ ਮਦਦ ਕਰਦੀ ਹੈ ਜੋ, ਉਨ੍ਹਾਂ ਲੋਕਾਂ ਜਿਨ੍ਹਾਂ ਨੇ ਜ਼ੁਲਮ ਸਹਿਆ ਹੈ, ਅਤੇ ਹੁਣ ਜਵਾਬ ਮੰਗਦੇ ਹਨ ਦੀ ਇੱਜ਼ਤ ਕਰਦੇ ਹਨ ਅਤੇ ਉਨ੍ਹਾਂ ਨੂੰ ਅਧਿਕਾਰ ਦੇਂਦੇ ਹਨ। ਅਸੀਂ ਕਲਪਨਾ ਵਿੱਚ, ਭਾਈਚਾਰਿਆਂ ਵਲੋਂ ਵਿਅਕਤੀਆਂ ਅਤੇ ਲੋਕਾਂ ਦੇ ਗਰੁੱਪਾਂ ਵਿੱਚਕਾਰ ਇੱਕ ਉਚਿਤ ਨਿਰਪੱਖ ਅਤੇ ਪਿਆਰ ਭਰੇ ਰਿਸ਼ਤੇ ਕਾਇਮ ਕਰਨ ਲਈ ਇੱਕ ਸਰਗਰਮ ਭੂਮਿਕਾ ਅਦਾ ਕਰਦਿਆਂ ਵੇਖਦੇ ਹਾਂ।*

ਅਸੀਂ **ਸ਼ਕਤੀ ਕਾਇਮ ਰੱਖਣ ਦੀ ਯੋਗਤਾ** (**Sustainability**) ਦੀ ਕਦਰ ਕਰਦੇ ਹਾਂ

ਝੱਲਣ ਯੋਗ ਸ਼ਕਤੀ, ਇੱਕ ਵਿਅਕਤੀ ਅਤੇ ਸਮੂਹਕ ਪੱਧਰ ਤੇ ਤਾਕਤ ਕਾਇਮ ਕਰਦੀ ਹੈ। ਇੱਕ ਮਜ਼ਬੂਤ ਜੱਥੇਬੰਦੀ ਅਤੇ ਮੂਵਮੈਂਟ (ਲਹਿਰ) ਸਤੁੰਲਨ, ਸਹਿਣ ਸ਼ਕਤੀ ਆਪਣੀ ਦੇਖਭਾਲ ਰਾਹੀਂ ਹਾਸਲ ਹੁੰਦੀ ਹੈ।